# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162

Epaper World Punjabi Times | 05 ਮਈ 2024 ਦਿਨ ਐਤਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਇਟਲੀ ਵਿਖੇ "ਮਜ਼ਦੂਰ ਦਿਵਸ" 'ਤੇ ਕੰਮ ਤੋਂ ਕੱਢੇ ਵਰਕਰਾਂ ਵੱਲੋਂ ਕੀਤਾ ਗਿਆ ਰੋਸ ਪ੍ਰਦਰਸ਼ਨ*

ਵਰਲਡ ਪੰਜਾਬੀ ਟਾਈਮਜ਼ ਨਵਜੋਤ ਪਨੈਚ ਢੀਂਡਸਾ



ਮਿਲਾਨ , 5 ਮਈ : ਇਟਲੀ ਦੇ ਕਰਮੋਨਾ ਜ਼ਿਲ੍ਹੇ ਦੇ ਕਸਬਾ ਵੇਸਕੋਵਾਤੋ ਵਿਖੇ ਸਥਿਤ ਪ੍ਰੋਸੁਸ ਮੀਟ ਦੀ ਫੈਕਟਰੀ ਵਿੱਚੋਂ ਕੱਢੇ ਗਏ ਪੰਜਾਬੀ ਵਰਕਰਾਂ ਜੋ ਕਿ ਪਿਛਲੇ ਸੱਤ ਮਹੀਨੇ ਤੋਂ ਫੈਕਟਰੀ ਵਿਖੇ ਧਰਨੇ ਤੇ ਬੈਠੇ ਹੋਏ ਸਨ। ਉਹਨਾਂ ਵੱਲੋਂ ਬੀਤੀ 1 ਮਈ ਨੂੰ ਕੌਮਾਂਤਰੀ ਮਜ਼ਦੂਰ ਦਿਵਸ ਦੇ ਮੌਕੇ ਤੇ ਕਰੇਮੋਨਾ ਸ਼ਹਿਰ ਦੇ ਕੋਨਫੀਨ ਇੰਦੂਸਤਰੀਆ ਅਤੇ ਬਾਅਦ ਵਿੱਚ ਪਿਆਸਾ ਰੋਮਾਂ ਵਿਖੇ ਸ਼ਾਂਤਮਈ ਤਰੀਕੇ ਨਾਲ 10 ਵਜੇ ਤੋਂ 12 ਵਜੇ ਤੱਕ ਯੂ.ਐਸ.ਬੀ ਸੰਸਥਾ ਦੇ ਝੰਡੇ ਹੇਠ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ



ਇਹਨਾਂ ਵੀਰਾਂ ਦੇ ਹੱਕ ਵਿੱਚ ਇਟਾਲੀਅਨ ਭਾਈਚਾਰੇ ਨੇ ਵੀ ਸ਼ਮੂਲੀਅਤ ਕੀਤੀ ਅਤੇ ਸਰਕਾਰੀ ਅਦਾਰੇ ਦੇਗੋਸ ਦੇ ਕਰਮਚਾਰੀ ਵੀ ਮੌਜੂਦ ਸਨ। ਇਸ ਮੌਕੇ ਬੀਤੇ ਦਿਨੀ ਇਟਲੀ ਦੇ ਫਿਰੈਂਸੇ ਸ਼ਹਿਰ ਵਿੱਚ ਇੱਕ ਬਿਲਡਿੰਗ ਦਾ ਨਿਰਮਾਣ ਕਰਦੇ ਸਮੇਂ ਮਾਰੇ ਗਏ ਤਿੰਨ ਮਜ਼ਦੂਰਾਂ ਨੂੰ ਵੀ ਸ਼ਰਧਾਂਜਲੀ ਦਿੱਤੀ ਗਈ। ਵਰਕਰਾਂ ਵੱਲੋਂ ਇੱਕ ਨਾਟਕੀ ਝਾਕੀ ਦੇ ਤੌਰ ਤੇ ਕਰਮਚਾਰੀਆਂ ਨੂੰ ਮਰੇ ਹੋਏ ਵੀ ਦਿਖਾਇਆ ਗਿਆ ਅਤੇ ਸ਼ਰਧਾਂਜਲੀ ਰੂਪੀ ਫੁੱਲ ਵੀ ਭੇਂਟ ਕੀਤੇ ਗਏ। ਇਹਨਾਂ ਵਰਕਰਾਂ ਵੱਲੋਂ ਇਟਾਲੀਅਨ ਇੰਡੀਅਨ ਪ੍ਰੈਸ ਕਲੱਬ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਇਹਨਾਂ ਦੀ ਸੰਸਥਾ ਹਮੇਸ਼ਾ "ਸਿਸਤੇਮਾ ਦੀ ਅਪਾਲਤੀ" ਦਾ ਵਿਰੋਧ ਕਰਦੀ ਆ ਰਹੀ ਹੈ। ਜਿਸ ਵਿੱਚ ਕਿ ਕੋਪਰਤੀਵਾ ਬਣਾ ਕੇ ਮਜ਼ਦੂਰਾਂ ਨੂੰ ਘੱਟ ਮਿਹਨਤਾਨਾ ਦਿੱਤਾ ਜਾਂਦਾ ਹੈ ਅਤੇ ਉਹਨਾਂ ਦੀ ਸੁਰੱਖਿਆ ਵਿੱਚ ਵੀ ਕਮੀਆਂ ਰਹਿੰਦੀਆਂ ਹਨ। ਜਿਸ ਕਾਰਨ ਬਹੁਤ ਸਾਰੇ ਮਜ਼ਦੂਰ ਆਪਣੀ ਜਾਨ ਗਵਾਅ ਬੈਠਦੇ ਹਨ ਜਾਂ ਉਹਨਾਂ ਦੇ ਸਰੀਰਕ ਅੰਗਾਂ ਦਾ ਨੁਕਸਾਨ ਹੁੰਦਾ ਹੈ। ਇਸੇ ਤਰ੍ਹਾਂ ਹੀ ਪ੍ਰੋਸੁਸ ਫੈਕਟਰੀ ਵਿੱਚ ਪਿਛਲੇ 20 ਸਾਲਾਂ ਤੋਂ ਕੰਮ ਕਰਦੇ ਆ ਰਹੇ ਵਰਕਰਾਂ ਦੇ ਲੱਕ ਅਤੇ ਮੋਢਿਆਂ ਵਿੱਚ ਵੀ ਸਮੱਸਿਆਵਾਂ ਆਈਆਂ ਹਨ। ਉਹਨਾਂ ਨੇ ਆਪਣੀ ਜਿੰਦਗੀ ਆਪਣੀ ਸਿਹਤ ਇਸ ਕੰਮ ਨੂੰ ਦਿੱਤੀ ਹੈ,ਲੇਕਿਨ ਹੁਣ ਫੈਕਟਰੀ ਆਪਣੇ ਆਪ ਨੂੰ ਦਿਵਾਲੀਆ ਦਿਖਾ ਕੇ ਇਹਨਾਂ ਸਾਰੇ ਬੰਦਿਆਂ ਨੂੰ ਕੰਮ ਤੋਂ ਕੱਢ ਕੇ ਇਹਨਾਂ ਦੇ ਹੱਕਾਂ 'ਤੇ ਡਾਕਾ ਮਾਰਨਾ ਚਾਹੁੰਦੀ ਹੈ। ਉਹਨਾਂ ਨੇ ਅੱਗੇ ਕਿਹਾ ਕਿ ਜਿਸ ਤਰ੍ਹਾਂ ਉਹ ਪਿਛਲੇ ਸੱਤ ਮਹੀਨਿਆਂ ਤੋਂ ਧਰਨੇ ਤੇ ਬੈਠ ਕੇ ਵਿਰੋਧ ਕਰ ਰਹੇ ਸਨ ਹੁਣ ਵੀ ਉਹ ਲਗਾਤਾਰ ਇਸ ਗੱਲ ਦਾ ਵਿਰੋਧ ਕਰਦੇ ਹਨ ਅਤੇ ਆਖਰੀ ਜਿੱਤ ਤੱਕ ਭਵਿੱਖ ਵਿੱਚ ਵੀ ਵਿਰੋਧ ਕਰਦੇ ਰਹਿਣਗੇ। ਜਦੋਂ ਤੱਕ ਕੇ ਫੈਕਟਰੀ ਮਾਲਕਾਂ ਨੂੰ ਇਹ ਗੱਲ ਸਮਝ ਵਿੱਚ ਨਹੀਂ ਆ ਜਾਂਦੀ।

## ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਤਰਨ ਤਾਰਨ ਪਿੰਡ ਵਲੀਪੁਰ ਦੀ ਮੈਂਬਰ ਬੀਬੀ ਬਲਵਿੰਦਰ ਕੌਰ ਦੀ ਬੀਤੀ ਰਾਤ ਦਿਲ ਦਾ ਦੌਰਾ ਪੈਣ ਕਾਰਨ ਸ਼ੰਭੂ ਬਾਰਡਰ ਤੇ ਕਿਸਾਨੀ ਮੋਰਚੇ ਵਿੱਚ ਹੋਈ ਮੌਤ। ਸਿੱਧਵਾਂ, ਮਾਨੋਚਾਹਲ

### ਬੀਤੀ ਰਾਤ ਸ਼ੰਭੂ ਬਾਰਡਰ ਤੇ ਚੱਲ ਰਹੇ ਕਿਸਾਨੀ ਮੋਰਚੇ ਵਿੱਚ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਪਿੰਡ ਵਲੀਪੁਰ ਜ਼ਿਲ੍ਹਾ ਤਰਨ ਤਾਰਨ ਦੀ ਬੀਬੀ ਬਲਵਿੰਦਰ ਕੌਰ ਦੀ ਹੋਈ ਮੌਤ।

ਵਰਲਡ ਪੰਜਾਬੀ ਟਾਈਮਜ਼





ਤਰਨ ਤਾਰਨ 5 ਮਈ : ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਜ਼ਿਲ੍ਹਾ ਤਰਨ ਤਾਰਨ ਦੇ ਪ੍ਰਧਾਨ ਸਤਨਾਮ ਸਿੰਘ ਮਾਣੋਚਾਹਲ, ਸੂਬਾ ਆਗੂ ਹਰਪ੍ਰੀਤ ਸਿੰਘ ਸਿੱਧਵਾਂ, ਸੂਬਾ ਆਗੂ ਅਤੇ ਜਿਲਾ ਸਕੱਤਰ ਹਰਜਿੰਦਰ ਸਿੰਘ ਸ਼ਕਰੀ , ਰੇਸ਼ਮ ਸਿੰਘ ਘੁਰਕਵਿੰਡ, ਜਰਨੈਲ ਸਿੰਘ ਨੂਰਦੀ, ਹਰਬਿੰਦਰਜੀਤ ਸਿੰਘ ਕੰਗ, ਬਲਵਿੰਦਰ ਸਿੰਘ ਚੋਹਲਾ ਸਾਹਿਬ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਬੀਬੀ ਬਲਵਿੰਦਰ ਕੌਰ ਪਤਨੀ ਰਸ਼ਪਾਲ ਸਿੰਘ ਜੋ ਕਿ ਪਿਛਲੇ ਦਿੱਲੀ ਅੰਦੋਲਨ ਵਿੱਚ ਵੀ ਲਗਾਤਾਰ ਮੋਰਚੇ ਵਿੱਚ ਹਾਜ਼ਰੀ ਭਰਦੇ ਰਹੇ। ਤੇ ਹੁਣ ਇਸ ਵਾਰ ਵੀ ਲੋਕਾਂ ਦੀਆਂ ਹੱਕੀ ਮੰਗਾਂ ਵਾਸਤੇ ਲਗਾਤਾਰ ਸ਼ੰਭੂ ਬਾਰਡਰ ਤੇ ਹਾਜਰੀ ਭਰ ਰਹੇ ਸਨ। ਸਰਕਾਰ ਦੀਆਂ ਮਾੜੀਆਂ ਪੋਲਸੀਆਂ ਕੱਟੀਆਂ ਨੀਤੀਆਂ ਕਰਕੇ ਆਮ ਲੋਕਾਂ ਨੂੰ ਅੱਤ ਦੀ ਗਰਮੀ ਵਿੱਚ ਸੜਕਾਂ ਤੇ ਪ੍ਰਦਰਸ਼ਨ ਕਰ ਲਈ ਮਜਬੂਰ ਕਰ ਰਹੀ ਹੈ। 2% ਕਾਰਪੋਰੇਟ ਘਰਾਣਿਆਂ ਨੂੰ ਫਾਇਦਾ ਪਹੁੰਚਾਉਣ ਲਈ ਸਰਕਾਰ 98% ਲੋਕਾਂ ਨੂੰ ਬੇਰੋਜ਼ਗਾਰੀ ਭਰਿਸ਼ਟਾਚਾਰ ਗਰੀਬੀ ਦੀ ਦਲਦਲ ਵਿੱਚ ਸੁੱਟ ਰਹੀ ਹੈ। ਲੋਕਾਂ ਦੀ ਹੱਕ ਸੱਚ ਦੀ ਲੜਾਈ ਲਈ ਬੀਬੀ ਬਲਵਿੰਦਰ ਕੌਰ ਲਗਾਤਾਰ ਸ਼ੰਭੂ ਬਾਰਡਰ ਤੇ ਕਿਸਾਨੀ ਮੋਰਚੇ ਵਿੱਚ ਹਾਜਰੀ ਭਰ ਰਹੇ ਸਨ। ਜਿਸ ਦੇ ਚਲਦਿਆਂ ਬੀਤੇ ਰਾਤ ਤਕਰੀਬਨ 12:30 ਵਜੇ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਬੀਬੀ ਬਲਵਿੰਦਰ ਕੌਰ ਪਤਨੀ ਰਸ਼ਪਾਲ ਸਿੰਘ ਸ਼ੰਭੂ ਬਾਰਡਰ ਤੇ ਕਿਸਾਨੀ ਮੋਰਚੇ ਵਿੱਚ ਸ਼ਹੀਦੀ ਪ੍ਰਾਪਤ ਕਰ ਗਏ। ਜਿਨਾਂ ਦੀ ਉਮਰ ਤਕਰੀਬਨ 55 ਸਾਲ ਸੀ। ਕਿਸਾਨ ਆਗੂਆਂ ਨੇ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਕਿਹਾ ਕਿ ਜਿੱਥੇ ਪਰਿਵਾਰ ਨੂੰ ਨਾ ਪੂਰਾ ਹੋਣ ਵਾਲਾ ਵੱਡਾ ਘਾਟਾ ਪਿਆ ਹੈ। ਉੱਥੇ ਹੀ ਜਥੇਬੰਦੀ ਨੂੰ ਵੀ ਬਹੁਤ ਵੱਡਾ ਘਾਟਾ ਪਿਆ ਹੈ। ਉਹਨਾਂ ਕਿਹਾ ਮੌਤ ਇੱਕ ਅਟੱਲ ਸੱਚਾਈ ਹੈ। ਹਰ ਇਨਸਾਨ ਨੇ ਇਸ ਰਸਤੇ ਤੇ ਜਾਣਾ। ਪਰ ਜਿਹੜਾ ਦੇਸ਼ ਕੌਮ ਦੇ ਖਾਤਰ ਸ਼ਹੀਦ ਹੁੰਦੇ ਹਨ ।ਉਹ ਅਮਰ ਹੋ ਜਾਂਦੇ ਹਨ। ਸ਼ਹੀਦ ਕੌਮ ਦੇ ਸਰਮਾਏ ਹੁੰਦੇ ਹਨ। ਪਰਿਵਾਰ ਨੂੰ ਹੌਸਲਾ ਦਿੰਦੇ ਹੋਏ ਆਗੂਆਂ ਨੇ ਕਿਹਾ ਕਿ ਅਸੀਂ ਪਰਿਵਾਰ ਦੇ ਨਾਲ ਬਿਲਕੁਲ ਖੜੇ ਹਾਂ। ਕਿਸਾਨ ਆਗੂ ਸਲਵਿੰਦਰ ਸਿੰਘ ਡਾਲੇਕੇ, ਸਰਵਨ ਸਿੰਘ ਵਲੀਪੁਰ, ਬੀਬੀ ਕੁਲਵਿੰਦਰ ਕੌਰ ਨੇ ਕਿਹਾ ਬੀਬੀ ਬਲਵਿੰਦਰ ਕੌਰ ਦਾ ਸੰਸਕਾਰ ਪਿੰਡ ਵਲੀਪੁਰ ਜਿਲਾ ਤਰਨ ਤਾਰਨ ਵਿਖੇ 6 ਮਈ ਨੂੰ ਕੀਤਾ ਜਾਵੇਗਾ।

## ਲਹਿਰਾ ਮੁਹੱਬਤ ਵਿਖੇ ਰਿਸ਼ਤਿਆਂ ਚ ਆਈ ਦਰਾਰ, ਵੱਡੇ ਭਰਾ ਨੇ ਛੋਟੇ ਭਰਾ 'ਤੇ ਲਗਾਏ ਜਗ੍ਹਾ ਹੱਥਿਉਣ ਦੇ ਇਲਜ਼ਾਮ!

ਵਰਲਡ ਪੰਜਾਬੀ ਟਾਈਮਜ਼ ਗੁਰਪ੍ਰੀਤ ਚਹਿਲ



ਬਠਿੰਡਾ , 5 ਮਈ : ਦਿਨ ਬ ਦਿਨ ਲੋਕਾਂ ਦੇ ਮਨਾਂ ਚ ਵਧਦਾ ਜਾ ਰਿਹਾ ਲਾਲਚ ਕਿਸ ਤਰਾਂ ਖੂਨ ਨੂੰ ਸਫੈਦ ਕਰਦਾ ਜਾ ਰਿਹਾ ਹੈ ਇਸਦੀ ਤਾਜ਼ਾ ਮਿਸਾਲ ਜਿਲ੍ਹੇ ਦੇ ਪਿੰਡ ਲਹਿਰਾ ਮੁਹੱਬਤ ਤੋਂ ਸਾਹਮਣੇ ਆਈ ਹੈ ਜਿੱਥੇ ਪੈਸਾ ਅਤੇ ਜ਼ਮੀਨ ਜ਼ਾਇਦਾਦ ਰਿਸ਼ਤਿਆਂ ਤੇ ਭਾਰੂ ਪੈਂਦੀ ਨਜ਼ਰ ਆਈ ਹੈ। ਇਸ ਬਾਰੇ ਪ੍ਰੈੱਸ ਕਾਨਫਰੰਸ ਨੂੰ ਜਾਣਕਾਰੀ ਦਿੰਦਿਆਂ ਗੋਟੂ ਸਿੰਘ ਪੁੱਤਰ ਬਾਵਾ ਸਿੰਘ ਵਾਸੀ ਲਹਿਰਾ ਮੁਹੱਬਤ ਨੇ ਦੱਸਿਆ ਕਿ ਕਿਵੇਂ ਉਸ ਦੇ ਸਕੇ ਭਰਾ ਵੱਲੋਂ ਉਸਦੇ ਘਰ ਵਾਲੀ ਜਗ੍ਹਾ ਦੀ ਰਜਿਸਟਰੀ ਆਪਣੇ ਨਾਂ ਕਰਵਾ ਲਈ, ਬਠਿੰਡਾ ਵਿਖੇ ਪ੍ਰੈੱਸ ਕਾਨਫਰੰਸ ਕਰਦੇ ਹੋਏ ਪੱਤਰਕਾਰਾਂ ਦੇ ਸਨਮੁੱਖ ਉਕਤ। ਨੇ ਦੱਸਿਆ ਕਿ ਉਹ ਇੱਕ ਗਰੀਬ ਤੇ ਅਨਪੜ ਵਿਅਕਤੀ ਹੈ ਅਤੇ ਉਸਦਾ ਮਕਾਨ 12 ਮਰਲਿਆਂ ਵਿਚ ਬਣਿਆ ਹੋਇਆ ਹੈ ਜੋ ਕਿ 6 ਮਰਲੇ ਜਗਾਂ ਉਸਨੂੰ ਪਰਿਵਾਰਕ ਵੰਡ ਵਿਚ ਆਈ ਹੈ ਤੇ 6 ਮਰਲੇ ਜਗ੍ਹਾ ਉਸਨੇ ਮੱਝ ਤੇ ਗਹਿਣੇ ਦੇ ਕੇ ਲਈ ਸੀ, ਆਪਣੀ ਵਿਥਿਆ ਸੁਣਾਉਂਦੇ ਹੋਏ ਉਸਨੇ ਅੱਗੇ ਦੱਸਿਆ। ਕਿ ਮੇਰੇ ਦੋ ਲੜਕੇ ਹਨ ਜਿਸ ਵਿਚ ਇਕ ਲੜਕਾ ਗੂੰਗਾ ਤੇ ਬੋਲਾ ਹੈ ਤੇ ਦੂਜਾ ਮੇਰੇ ਤੋ ਅਲੱਗ ਰਹਿ ਰਿਹਾ ਹੈ। ਕੁਝ ਸਮਾਂ ਪਹਿਲਾ ਮੇਰੇ ਭਰਾ ਸੇਬਰ ਸਿੰਘ ਪੁੱਤਰ ਬਾਵਾ ਸਿੰਘ ਨੇ ਮੇਰੇ ਨਾਲ ਧੋਖਾ ਕਰਕੇ ਤੇ ਮੇਰੇ ਭੈਣ ਭਰਾਵਾ 4 ਭੇਣਾ ਤੇ 4 ਭਰਾਵਾ ਨੂੰ ਗੁੰਮਰਾਹ ਕਰਕੇ ਮੇਰੇ ਮਕਾਨ ਦੀ ਰਜਿਸਟਰੀ ਆਪਣੇ ਨਾਮ ਕਰਵਾ ਲਈ ਹੈ, ਉਸ ਨੇ ਦੱਸਿਆ ਕਿ ਹੁਣ 4 ਸਾਲ ਬਾਅਦ ਉਸਨੂੰ ਪਤਾ ਲੱਗਿਆ ਕਿ ਉਸਦੇ ਮਕਾਨ ਦੀ ਰਜਿਸਟਰੀ ਉਸਦਾ ਛੋਟਾ ਭਰਾ ਆਪਣੇ ਨਾਮ ਕਰਵਾ ਚੁੱਕਾ ਹੈ, ਉਸ ਨੇ ਦੱਸਿਆ ਉਸ ਵੱਲੋਂ ਇਸ ਸਬੰਧੀ ਜਿਲਾ ਪ੍ਰਸ਼ਾਸ਼ਨ ਅਧਿਕਾਰੀਆ ਨੂੰ ਜਾਂਚ ਸਬੰਧੀ ਲਿਖਤੀ ਬੇਨਤੀ ਕੀਤੀ ਹੈ ਅਤੇ ਪ੍ਰੈਸ ਵਿਚ ਖਬਰ ਪ੍ਰਕਾਸਿਤ ਕਰਨ ਲਈ ਇਹ ਬਿਆਨ ਦੇ ਰਿਹਾ ਹੈ। ਉਨ੍ਹਾਂ ਦੱਸਿਆ ਉਹ ਇਸ ਮਕਾਨ ਵਿਚ ਮੈਂ ਲਗਭਗ 50 ਸਾਲ ਤੋ ਰਹਿ ਰਿਹਾ ਹੈ ਅਤੇ ਅੱਜ ਵੀ ਮਾਲਕੀ ਕਾਬਜ ਹੈ ਅਤੇ ਪਰਿਵਾਰ ਨਾਲ ਰਿਹਾਇਸ਼ ਹੈ। ਇਸ ਸੰਬੰਧੀ ਉਨ੍ਹਾਂ ਵੱਲੋਂ ਜਿਲ੍ਹਾ ਪ੍ਰਸਾਸ਼ਨ ਨੂੰ ਲਿਖਤੀ ਸ਼ਿਕਾਇਤ ਕਰਕੇ ਇਨਸਾਫ਼ ਦੀ ਗੁਹਾਰ ਲਗਾਈ ਹੈ।

ਕੀ ਕਹਿਣਾ ਹੈ ਛੋਟੇ ਭਰਾ ਸੈਬਰ ਸਿੰਘ ਦਾ?

ਇਸ ਸੰਬੰਧੀ ਜਦੋਂ ਗੋਟੂ ਸਿੰਘ ਦੇ ਛੋਟੇ ਭਰਾ ਸੈਬਰ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਸਾਰੇ ਇਲਜਾਮਾਂ ਨੂੰ ਸਿਰੇ ਤੋਂ ਨਾਕਾਰ ਦਿੱਤਾ, ਉਨ੍ਹਾਂ ਦੱਸਿਆ ਕਿ ਉਹ 8 ਭੈਣ ਭਰਾ ਹਨ ਅਤੇ ਇੱਕ ਉਨ੍ਹਾਂ ਦੀ ਮਾਤਾ ਹੈ ਜੋ ਸੈਬਰ ਸਿੰਘ ਨਾਲ ਰਹਿੰਦੀ ਹੈ। ਉਸ ਨੇ ਦੱਸਿਆ ਕਿ ਮਾਤਾ ਸਮੇਤ ਘਰ ਦੀ ਜਗ੍ਹਾ ਦੇ 9 ਹਿੱਸੇ ਹੋਏ ਸਨ ਜਿਸ ਵਿਚੋਂ ਨਾਲ ਦੇ ਭੈਣ ਭਰਾਵਾਂ ਨੇ ਆਪਣੇ ਹਿੱਸੇ ਸੈਬਰ ਸਿੰਘ ਨੂੰ ਦੇ ਦਿੱਤੇ ਅਤੇ ਗੋਟੂ ਸਿੰਘ ਕੋਲ ਉਸ ਦਾ ਆਪਣਾ ਹਿੱਸਾ ਜਿਓਂ ਦਾ ਤਿਓਂ ਪਿਆ ਹੈ। ਜਗ੍ਹਾ ਖਾਲੀ ਕਰਵਾਉਣ ਸੰਬੰਧੀ ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਅਜਿਹੀ ਕੋਈ ਕਾਰਵਾਈ ਨਹੀਂ ਕੀਤੀ ਗਈ।

## ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਤਰਨਤਾਰਨ ਵੱਲੋਂ ਪਿੰਡ ਰੂੜੇ ਹਾਸਿਲ ਵਿੱਚ ਹੋਏ ਪਰਚੇ ਦੇ ਬਾਵਜੂਦ ਵੀ ਮੁਜਰਮਾਂ ਨੂੰ ਗ੍ਰਿਫਤਾਰ ਨਹੀਂ ਕੀਤਾ ਜਾ ਰਿਹਾ। ਇਸ ਦੇ ਵਿਰੋਧ ਵਿੱਚ 9 ਮਈ ਨੂੰ ਐਸ ਐਸ ਪੀ ਦਫਤਰ ਅੱਗੇ ਲੱਗੇਗਾ ਧਰਨਾ

ਵਰਲਡ ਪੰਜਾਬੀ ਟਾਈਮਜ਼



ਤਰਨਤਾਰਨ 5 ਮਈ : ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲਾ ਤਰਨ ਤਾਰਨ ਦੀ ਮੀਟਿੰਗ ਬਾਬਾ ਕਾਹਨ ਸਿੰਘ ਜੀ ਦੇ ਸਥਾਨਾਂ ਤੇ ਪਿੰਡ ਪਿੱਦੀ ਵਿਖੇ ਜ਼ਿਲ੍ਹਾ ਪ੍ਰਧਾਨ ਸਤਨਾਮ ਸਿੰਘ ਮਾਣੋਚਾਲ ਦੀ ਪ੍ਰਧਾਨਗੀ ਹੇਠ ਹੋਈ । ਜਿਸ ਵਿੱਚ ਸੂਬਾ ਆਗੂ ਹਰਪ੍ਰੀਤ ਸਿੰਘ ਸਿੱਧਵਾਂ ਵਿਸ਼ੇਸ਼ ਤੌਰ ਤੇ ਪਹੁੰਚੇ। ਮੀਟਿੰਗ ਨੂੰ ਸੰਬੋਧਿਤ ਕਰਦਿਆਂ ਸੂਬਾ ਆਗੂ ਅਤੇ ਜ਼ਿਲ੍ਹਾ ਸਕੱਤਰ ਹਰਜਿੰਦਰ ਸਿੰਘ ਸ਼ਕਰੀ, ਰੇਸ਼ਮ ਸਿੰਘ ਘੁਰਕਵਿੰਡ, ਜਰਨੈਲ ਸਿੰਘ ਨੂਰਦੀ, ਬਲਵਿੰਦਰ ਸਿੰਘ ਚੋਹਲਾ ਸਾਹਿਬ, ਫਤਿਹ ਸਿੰਘ ਪਿੱਦੀ, ਨੇ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਪਿੰਡ ਰੂੜੇਆਸਲ ਵਿੱਚ ਹੋਣ326,452 ਦੇ ਪਰਚੇ ਬਾਵਜੂਦ ਵੀ ਮੁਜਰਮਾਂ ਨੂੰ ਪ੍ਰਸ਼ਾਸਨ ਵੱਲੋਂ ਗ੍ਰਿਫਤਾਰ ਨਹੀਂ ਕੀਤਾ ਗਿਆ। ਜਿਸ ਦੇ ਚਲਦਿਆਂ ਪ੍ਰਸ਼ਾਸਨ ਨੂੰ ਬਾਰ ਬਾਰ ਕਿਸਾਨਾਂ ਦਾ ਵਫਦ ਮਿਲਦਾ ਰਿਹਾ। 19 ਮਾਰਚ 2024 ਨੂੰ ਐਸਐਸਪੀ ਦੇ ਬਿਹਾਫ ਉੱਤੇ ਡੀਐਸ ਪੀ ਕਮਲਜੀਤ ਸਿੰਘ ਨੇ ਵਿਸ਼ਵਾਸ ਦਵਾਇਆ ਕੀ ਮੁਜਰਮਾਂ ਨੂੰ ਤਿੰਨ ਦਿਨਾਂ ਅੰਦਰ ਗ੍ਰਿਫਤਾਰ ਕਰਕੇ ਜੇਲ ਭੇਜਿਆ ਜਾਏਗਾ। ਪਰ ਅੱਜ 10 ,12 ਦਿਨ ਬੀਤ ਜਾਣ ਦੇ ਬਾਵਜੂਦ ਵੀ ਮੁਜਰਿਮ ਬਾਹਰ ਘੁੰਮ ਰਹੇ ਹਨ।ਪਰ ਪ੍ਰਸ਼ਾਸਨ ਵੱਲੋਂ ਇਸ ਨੂੰ ਅਨਗੋਲਿਆਂ ਕਰਦਿਆਂ ਹੋਇਆਂ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ। ਮੁਜਰਮ ਖੁੱਲੇ ਤੌਰ ਤੇ ਪਿੰਡਾਂ ਵਿੱਚ ਘੁੰਮ ਰਹੇ ਹਨ। ਇਸ ਦੇ ਚਲਦਿਆਂ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਮੀਟਿੰਗ ਕਰਕੇ 9 ਮਈ ਨੂੰ ਐਸਐਸਪੀ ਦਫ਼ਤਰ ਅੱਗੇ ਧਰਨਾ ਲਾਇਆ ਜਾਵੇਗਾ । ਪ੍ਰਸ਼ਾਸਨ ਨੂੰ ਚੇਤਾਵਨੀ ਦਿੰਦੇ ਹੋਏ ਕਿਸਾਨ ਆਗੂਆਂ ਨੇ ਕਿਹਾ ਕਿ ਜੇਕਰ ਮੁਜਰਮ ਜਲਦ ਤੋਂ ਜਲਦ ਗ੍ਰਿਫਤਾਰ ਨਾ ਕੀਤੇ ਗਏ ਤੇ ਸੰਘਰਸ਼ ਹੋਰ ਵੀ ਤਿੱਖਾ ਕੀਤਾ ਜਾਊਗਾ। ਜਿਸ ਦਾ ਜ਼ਿੰਮੇਵਾਰ ਪ੍ਰਸ਼ਾਸਨ ਹੋਵੇਗਾ । ਅੱਗੇ ਕਿਸਾਨ ਆਗੂਆਂ ਨੇ ਜਾਣਕਾਰੀ ਦਿੰਦੇ ਹੋਏ ਕਿਹਾ। ਕਿ ਹਰਿਆਣੇ ਦੇ ਬਾਰਡਰਾਂ ਤੇ ਲੱਗੇ ਹੋਏ ਮੋਰਚੇ ਵਿੱਚ ਕਿਸਾਨਾਂ ਦੀ ਸ਼ਮੂਲੀਅਤ ਦਿਨ ਬ ਦਿਨ ਵੱਧ ਰਹੀ ਹੈ। ਕਿਸਾਨਾਂ ਦੇ ਜਥੇ ਵੱਡੀ ਗਿਣਤੀ ਵਿੱਚ ਜਾ ਰਹੇ ਹਨ। ਕਿਸਾਨ ਆਗੂਆਂ ਨੇ ਅਪੀਲ ਕੀਤੀ ਕਿ ਇਹ ਮੋਰਚਾ ਹਰ ਵਰਗ ਦਾ ਹੈ। ਇਸ ਮੋਰਚੇ ਵਿੱਚ ਹਰ ਵਰਗ ਨੂੰ ਸ਼ਾਮਿਲ ਹੋਣਾ ਚਾਹੀਦਾ ਹੈ ।ਮੰਗਿਆਈ ਦੀ ਮਾਰ, ਭਰਿਸ਼ਟਾਚਾਰ ਦੀ ਮਾਰ ,ਬੇਰੋਜ਼ਗਾਰੀ ਦੀ ਮਾਰ ,ਹਰ ਵਰਗ ਨੂੰ ਝੱਲਣੀ ਪੈ ਰਹੀ ਹੈ। ਕਾਰਪੋਰੇਟ ਘਰਾਣੇ ਦੇਸ਼ ਨੂੰ ਚਲਾ ਰਹੇ ਹਨ। ਜਿਸ ਦੇ ਚਲਦਿਆਂ ਆਮ ਵਰਗ ਤੇ ਬੋਝ ਵਧ ਰਿਹਾ ਹੈ। ਇਸ ਲਈ ਸਾਰੇ ਮਸਲਿਆਂ ਦਾ ਹੱਲ ਇਹ ਮੋਰਚਾ ਹੈ। ਸਾਰੇ ਵਰਗਾਂ ਨੂੰ ਇਸ ਵਿੱਚ ਸ਼ਾਮਿਲ ਹੋਣਾ ਚਾਹੀਦਾ ਹੈ। ਇਸ ਮੌਕੇ ਸਲਵਿੰਦਰ ਸਿੰਘ ਜੀਓ ਬਾਲਾ, ਪਰਮਜੀਤ ਸਿੰਘ ਛੀਨਾ, ਕੁਲਵਿੰਦਰ ਸਿੰਘ ਕੈਰੋਵਾਲ ,ਹਰਪਾਲ ਸਿੰਘ ਪੰਡੋਰੀ ਸਿੱਧਵਾਂ, ਪਾਖਰ ਸਿੰਘ ਲਾਲਪੁਰ ,ਮੁਖਤਾਰ ਸਿੰਘ ਬਿਹਾਰੀਪੁਰ, ਅਜੀਤ ਸਿੰਘ ਚੰਬਾ, ਕੁਲਵੰਤ ਸਿੰਘ ਭੈਲ, ਸਵਰਨ ਸਿੰਘ ਹਰੀਕੇ, ਸੁਖਦੇਵ ਸਿੰਘ ਦੁਬਲੀ, ਪੂਰਨ ਸਿੰਘ ਮੱਦਰ, ਨਿਸ਼ਾਨ ਸਿੰਘ ਕੁਹਾੜਕਾ, ਸੁਖਵਿੰਦਰ ਸਿੰਘ ਦੁਗਲਵਾਲਾ ,ਅਮਰਜੀਤ ਸਿੰਘ ਉਸਮਾ, ਤਰਸੇਮ ਸਿੰਘ ਆਦਿ ਆਗੂ ਹਾਜ਼ਰ ਸਨ

## ਰੋਹ ਭਰਪੂਰ ਰੈਲੀ ਤੇ ਸਦਭਾਵਨਾ ਮਾਰਚ

ਵਰਲਡ ਪੰਜਾਬੀ ਟਾਈਮਜ਼ ਜੁਝਾਰ ਸਿੰਘ ਲੌਂਗੋਵਾਲ



ਸੰਗਰੂਰ 5 ਮਈ : ਸੰਗਰੂਰ ਦੀਆਂ ਜਨਤਕ ਜਮਹੂਰੀ, ਜਥੇਬੰਦੀਆਂ ਵੱਲੋਂ 6 ਮਈ ਨੂੰ ਮੁਲਕ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਹੋਰ ਭਾਜਪਾ ਆਗੂਆਂ ਵੱਲੋਂ ਚੋਣ ਰੈਲੀਆਂ ਦੌਰਾਨ ਦੇਸ਼ ਵਿੱਚ ਧਰਮ ਦੇ ਅਧਾਰ ਤੇ ਫਿਰਕੂ ਵੰਡੀਆਂ ਪਾਉਣ, ਘੱਟ ਗਿਣਤੀਆਂ ਵਿਸੇਸ ਤੌਰ ਤੇ ਮੁਸਲਮਾਨਾਂ ਖਿਲਾਫ ਜਹਿਰ ਉਗਲਣ ਦੇ ਵਿਰੋਧ ਵਿਚ ਅਤੇ ਲੋਕਾਂ ਦੀ ਭਾਈਚਾਰਕ ਸਾਂਝ ਨੂੰ ਕਾਇਮ ਰੱਖਣ ਦਾ ਸੱਦਾ ਦੇਣ ਲਈ ਰੋਹ ਭਰਪੂਰ ਰੈਲੀ ਕਰਨ ਉਪਰੰਤ ਸ਼ਹਿਰ ਵਿੱਚ ਸਦਭਾਵਨਾ ਮਾਰਚ ਕੀਤਾ ਜਾਵੇਗਾ।ਮਾਰਚ ਦੇ ਅੰਤ ਵਿਚ ਅਰਥੀ ਸਾੜੀ ਜਾਵੇਗੀ।ਇਹ ਮਾਰਚ ਬਨਾਸਰ ਬਾਗ ਤੋਂ ਚੱਲਕੇ ਬਜਾਰਾਂ ਵਿੱਚ ਪਟਿਆਲਾ ਗੇਟ, ਵੱਡਾ ਚੌਂਕ,ਛੋਟਾ ਚੌਂਕ, ਨਾਭਾ ਗੇਟ ਹੁੰਦਾ ਹੋਇਆ ਫੇਰੂਮਾਨ ਚੌਂਕ ਪਹੁੰਚੇਗਾ ਜਿਥੇ ਨਰਿੰਦਰ ਮੋਦੀ ਅਤੇ ਭਾਜਪਾ ਦੇ ਪੁਤਲੇ ਫੂਕੇ ਜਾਣਗੇ। ਰੈਲੀ ਦੀ ਤਿਆਰੀ ਸਬੰਧੀ ਮੀਟਿੰਗ ਉਪਰੰਤ ਜਮਹੂਰੀ ਅਧਿਕਾਰ ਸਭਾ ਪੰਜਾਬ ਦੀ ਜ਼ਿਲ੍ਹਾ ਇਕਾਈ ਸੰਗਰੂਰ ਦੇ ਪ੍ਰਧਾਨ ਜਗਜੀਤ ਭੁਟਾਲ, ਸਕੱਤਰ ਕੁਲਦੀਪ ਸਿੰਘ ਨੇ ਕਿਹਾ ਲੋਕਤੰਤਰ ਦਾ ਘਾਣ ਕਰਦਿਆਂ ਭਾਜਪਾ ਆਗੂਆਂ ਨੇ ਜਿਸ ਬੇਸ਼ਰਮੀ ਨਾਲ ਬਿਆਨ ਦਾਗੇ ਹਨ ਉਹ ਅਤਿ ਨਿੰਦਣਯੋਗ ਅਤੇ ਸਮਾਜਿਕ ਭਾਈਚਾਰੇ ਨੂੰ ਪਾਟਣ ਵਾਲੇ ਹਨ । ਉਹਨਾਂ ਚੋਣ ਕਮਿਸ਼ਨ ਤੋਂ ਨਰਿੰਦਰ ਮੋਦੀ ਅਤੇ ਭਾਜਪਾ ਆਗੂਆਂ ਖ਼ਿਲਾਫ਼ ਪੁਲਿਸ ਕੇਸ ਦਰਜ ਕਰਨ ਦੀ ਮੰਗ ਕੀਤੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਜ਼ਹਿਰ ਉਗਲਣੀ ਬੰਦ ਕਰਨ ਅਤੇ ਦੇਸ਼ ਦੇ ਲੋਕਾਂ ਤੋਂ ਮੁਆਫੀ ਮੰਗਣ ਲਈ ਕਿਹਾ। ਮੀਟਿੰਗ ਵਿੱਚ ਸੂਬਾ ਆਗੂ ਸਵਰਨਜੀਤ ਸਿੰਘ, ਵਿਸ਼ਵ ਕਾਂਤ ਵਿੱਤ ਸਕੱਤਰ ਮਨਧੀਰ ਸਿੰਘ, ਕੁਲਵਿੰਦਰ ਬੰਟੀ , ਲਾਲ ਚੰਦ, ਰਘੁਵੀਰ ਭੁਟਾਲ, ਇੰਨਜਿੰਦਰ ਖੀਵਾ,ਜੁਝਾਰ ਲੌਂਗੋਵਾਲ, ਗੁਰਬਖਸੀਸ਼ ਬਰਾੜ,ਦਰਸਨ ਕੂਨਰ, ਅਮਰੀਕ ਖੋਖਰ , ਹਰਗੋਬਿੰਦ ਸੇਰਪੁਰ ਹਾਜਰ ਸਨ।

## ਬਾਹਰਵੀਂ ਵਿੱਚੋਂ 90% ਅੰਕ ਪ੍ਰਾਪਤ ਕਰਨ ਤੇ ਸਾਈਕਲਿੰਗ ਖ਼ਿਡਾਰਣ ਦਮਨਪ੍ਰੀਤ ਕੌਰ ਸਨਮਾਨਿਤ

### ਅੜਿੱਕਾ ਨਹੀਂ ਹਨ ਪੜ੍ਹਾਈ ਵਿਚ ਖੇਡਾਂ : ਦਮਨਪ੍ਰੀਤ ਕੌਰ

ਵਰਲਡ ਪੰਜਾਬੀ ਟਾਈਮਜ਼

ਅੰਮ੍ਰਿਤਸਰ 5 ਮਈ : ਪਿੱਛਲੇ 25 ਸਾਲ ਤੋਂ ਜ਼ਿਲ੍ਹਾ ਅੰਮ੍ਰਿਤਸਰ ਦੀ ਮਸ਼ਹੂਰ ਕੰਪਨੀ ਦਵੇਸਰ ਕੰਸਲਟੈਂਟ ਵੱਲੋਂ ਅੱਜ ਆਪਣੇ ਮੁੱਖ ਦਫ਼ਤਰ ਵਿਖ਼ੇ ਸਾਦੇ ਅਤੇ ਪ੍ਰਭਾਵਸ਼ਾਲੀ ਸਮਾਰੋਹ ਦੌਰਾਨ ਪ੍ਰਸਿੱਧ ਸਾਈਕਲਿੰਗ ਖ਼ਿਡਾਰਣ ਦਮਨਪ੍ਰੀਤ ਕੌਰ ਨੂੰ ਬਾਹਰਵੀਂ ਕਲਾਸ (ਮੈਡੀਕਲ) ਵਿੱਚ 90% ਅੰਕ ਪ੍ਰਾਪਤ ਕਰਨ ਤੇ ਸਨਮਾਨਿਤ ਕਰਦਿਆਂ ਐਮਡੀ ਸ਼੍ਰੀ ਹਰਦੇਸ਼ ਸ਼ਰਮਾ ਨੇ ਕਿਹਾ ਕੇ ਖੇਡਾਂ ਪ੍ਰਤੀ ਇਹ ਲੋਕ ਧਾਰਨਾ ਬਣੀ ਹੋਈ ਹੈ ਕਿ,ਖੇਲੋਗੇ ਕੂਦੋਗੇ ਤੋਂ ਹੋਗੇ ਖਰਾਬ, ਪੜੋਗੇ ਲਿਖੋਗੇ ਤੋਂ ਬਣੋਗੇ ਨਬਾਬ । ਖਿਡਾਰੀਆਂ ਪ੍ਰਤੀ ਲੋਕਾਂ ਦਾ ਇਹ ਨਜ਼ਰੀਆ ਬਹੁਤ ਪੁਰਾਣਾ ਕਿ ਖੇਡਣ ਵਾਲੇ ਬੱਚੇ ਪੜ੍ਹਾਈ ਨੀ ਕਰ ਸਕਦੇ ਜਾਂ ਜਿਹੜੇ ਪੜ੍ਹਾਈ ਦੇ ਨਾਲ ਕੋਈ ਖੇਡ ਖੇਡਦੇ ਨੇ ਉਹ ਚੰਗੇ ਨੰਬਰ ਨਹੀ ਲੈ ਸਕਦੇ । ਖੇਡਣ ਵਾਲੇ ਵਿਦਿਆਰਥੀ ਤੇ ਇਹ ਵਿਅੰਗ ਵੀ ਆਮ ਹੀ ਕੱਸਿਆ ਜਾਂਦੈ ਵੀ ਇਹ ਤਾਂ ਖਿਡਾਰੀ ਹੈ ਇਹਦਾ ਪੜ੍ਹਾਈ ਨਾਲ ਕੀ ਵਾਹ,ਪਰ ਦਮਨਪ੍ਰੀਤ ਕੌਰ (ਪ੍ਰਭਾਕਰ ਸੀਨੀਅਰ ਸੈਕੰਡਰੀ ਸਕੂਲ, ਛੇਹਰਟਾ, ਵਿਖ਼ੇ ਮੈਡੀਕਲ ਦੀ ਵਿਦਿਆਰਥਣ) ਨੇ ਪੰਜਾਬ ਸਕੂਲ ਸਿੱਖਿਆ ਬੋਰਡ ਸਾਲ 2024 ਦੇ ਸਾਲਾਨਾ ਇਮਤਿਹਾਨ ਵਿੱਚੋਂ 90% ਅੰਕ ਪ੍ਰਾਪਤ ਕਰਕੇ ਇਸ ਧਾਰਨਾ ਨੂੰ ਮੁੱਢੋਂ ਰੱਦ ਕਰ ਦਿੱਤਾ ਕਿ ਖੇਡਾਂ ਪੜ੍ਹਾਈ ਵਿਚ ਅੜਿੱਕਾ ਪੈਦਾ ਕਰਦੀਆਂ ਹਨ । ਦਮਨਪ੍ਰੀਤ ਕੌਰ ਨੇ ਬਾਰਵੀਂ ਦੀ ਪ੍ਰੀਖਿਆ ਵਿਚੋਂ ਚੰਗੇ ਨੰਬਰ ਲੈ ਕੇ ਚੰਗੀ ਖਿਡਾਰਣ ਹੋਣ ਦੇ ਨਾਲ-ਨਾਲ ਚੰਗੇ ਵਿਦਿਆਰਥੀਆਂ ਦੀ ਲਿਸਟ ਵਿਚ ਆਪਣੀ ਜਗ੍ਹਾ ਬਣਾ ਕੇ ਇਹ ਦਰਸਾ ਦਿੱਤਾ ਕਿ ਪੜ੍ਹਾਈ ਦੇ ਨਾਲ ਨਾਲ ਜੇ ਖੇਡਾਂ ਵੀ ਖੇਡੀਆਂ ਜਾਣ ਤਾਂ ਬੰਦਾ ਉੱਤਮ ਬਣਦਾ ਹੈ । ਉਪਰੋਕਤ ਖਿਡਾਰਣ ਨੇ ਪੜ੍ਹਾਈ ਵਿਚੋਂ ਉੱਤਮ ਅੰਕ ਪ੍ਰਾਪਤ ਕਰਕੇ ਇਹ ਜਾਹਿਰ ਕਰ ਦਿੱਤਾ ਹੈ ਕਿ ਖੇਡਾਂ ਦੇ ਪਿੜ ਵਿਚ ਭਾਗ ਲੈਣ ਨਾਲ ਵਿਦਿਆਰਥੀਆਂ ਦੇ ਦਿਮਾਗ ਤਿੱਖੇ ਹੋ ਜਾਂਦੇ ਨੇ ।




ਇਸ ਮੌਕੇ ਸਨਮਾਨ ਪ੍ਰਾਪਤ ਕਰਦਿਆਂ ਦਮਨਪ੍ਰੀਤ ਕੌਰ ਨੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਅਤੇ ਖੇਡਾਂ ਤੇ ਜ਼ੋਰ ਦਿੰਦਿਆਂ ਕਿਹਾ ਕਿ ਵਿੱਦਿਅਕ ਸੰਸਥਾਵਾਂ ਖੇਡ ਮੈਦਾਨਾਂ ਤੋਂ ਬਿਨਾਂ ਅਧੂਰੀਆਂ ਹਨ । ਬ੍ਰਾਜ਼ੀਲ ਦੇ ਬੱਚੇ ਸਕੂਲ ਵਿਚ ਸਭ ਤੋਂ ਪਹਿਲਾਂ ਫੁਟਬਾਲ ਨੂੰ ਕਿੱਕ ਮਾਰਨੀ ਸਿੱਖਦੇ ਨੇ । ਰੂਸ ਦੇ ਸਕੂਲਾਂ ਵਿਚ ਬੱਚਿਆਂ ਨੂੰ ਸਰੀਰਿਕ ਸਿੱਖਿਆ ਅਤੇ ਖੇਡਾਂ ਲਾਜ਼ਮੀ ਹਨ । ਬੁਲਗਾਰੀਆ ਵਿਚ ਸਕੂਲ ਦੇ ਦਾਖਲੇ ਤੋਂ ਪਹਿਲਾਂ ਬੱਚੇ ਨੂੰ ਤੈਰਨਾ ਆਉਣਾ ਜਰੂਰੀ ਹੈ । ਜਿਸ ਬੱਚੇ ਨੂੰ ਤੈਰਨਾ ਨਹੀਂ ਆਉਂਦਾ ਉਸਦਾ ਦਾਖਲਾ ਸਕੂਲ ਵਿਚ ਨਹੀਂ ਹੁੰਦਾ । ਪੜ੍ਹਾਈ ਦੇ ਨਾਲ ਨਾਲ ਖੇਡਾਂ ਪ੍ਰਤੀ ਸੰਜੀਦਗੀ ਦਿਖਾਉਣ ਵਾਲੇ ਮੁਲਖਾਂ ਦੇ ਖਿਡਾਰੀਆਂ ਨੇ ਹੀ ਓਲੰਪਿਕ ਖੇਡਾਂ ਵਿਚ ਆਪਣਾ ਲੋਹਾ ਮਨਵਾਇਆ ਹੈ । ਆਖ਼ਿਰ ਵਿੱਚ ਦਮਨਪ੍ਰੀਤ ਕੌਰ ਨੇ ਹੋਰਨਾਂ ਲੜਕੇ-ਲੜਕੀਆਂ ਨੂੰ ਸੰਦੇਸ਼ ਦਿੰਦਿਆਂ ਕਿਹਾ ਕੇ ਮਹਾਨ ਫਿਲਾਸਫਰਾਂ ਵਲੋਂ ਦਿੱਤੇ ਤਰਕਾ ਨੇ ਇਸ ਗੱਲ ਤੇ ਪੱਕੀ ਮੋਹਰ ਲਗਾ ਦਿੱਤੀ ਹੈ ਕਿ ਖੇਡਾਂ ਮੁੱਢੋਂ ਹੀ ਪੜ੍ਹਾਈ ਦੀਆਂ ਪੂਰਕ ਹਨ ਵਿਰੋਧੀ ਨਹੀਂ । ਜਿਹੜੇ ਲੋਕੀਂ ਇਹ ਮੰਨੀ ਖੜੇ ਹਨ ਕੇ ਖੇਡਾਂ ਦੇ ਨਾਲ ਪੜ੍ਹਾਈ ਨਹੀਂ ਹੁੰਦੀ, ਉਹਨਾਂ ਨੂੰ ਖੇਲੋਗੇ ਕੂਦੋਗੇ ਤੋਂ ਹੋਗੇ ਖਰਾਬ' ਵਾਲਾ ਰਾਗ ਛੱਡਕੇ 'ਖੇਲੋਗੇ ਕੂਦੋਗੇ ਤੋਂ ਬਣੋਗੇ ਨਾਯਾਬ ' ਗੀਤ ਗੁਣਗੁਣਾਉਣ ਦੀ ਲੋੜ ਹੈ ।

ਫੋਟੋ ਕੈਪਸ਼ਨ: ਹੋਣਹਾਰ ਖ਼ਿਡਾਰਣ ਤੇ ਵਿਦਿਆਰਥਣ ਦਮਨਪ੍ਰੀਤ ਕੌਰ ਨੂੰ ਸਨਮਾਨਿਤ ਕਰਦੇ ਦਵੇਸਰ ਕੰਸਲਟੈਂਟ ਦੇ ਐਮਡੀ ਸ਼੍ਰੀ ਹਰਦੇਸ਼ ਸ਼ਰਮਾ ਤੇ ਹੋਰ

## ਮਜ਼ਦੂਰ ਬੜਾ ਮਜਬੂਰ



ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ

ਕਿਧਰੇ ਜਦ ਵੀ ਨਜ਼ਰੀਂ ਪੈਂਦਾ, ਮੈਨੂੰ ਕੋਈ ਮਜ਼ਦੂਰ।

ਹਾਲਤ ਉਹਦੀ ਵੇਖ ਕੇ ਮੈਨੂੰ, ਜਾਪੇ ਉਹ ਮਜਬੂਰ।

ਦੇਸ਼ ਮੇਰੇ ਦੀ ਹਾਲਤ ਲੱਗਦੀ, ਕਿੰਨੀ ਹੋਈ ਕਰੂਰ।

ਕਿਰਤੀ ਬੰਦੇ ਦੀਆਂ ਅੱਖਾਂ 'ਚੋਂ, ਗੁੰਮ ਹੋ ਗਿਆ ਨੂਰ।

ਵੇਖ ਕੇ ਕਿਰਤੀ ਦੀ ਮਜਬੂਰੀ, ਸਕਦਾਂ ਕੇਵਲ ਝੂਰ।

ਦੂਜੇ ਪਾਸੇ ਦੇਸ਼ ਦਾ ਨੇਤਾ, ਡੁੱਬਿਆ ਵਿੱਚ ਸਰੂਰ।

ਕਿਹੜਾ ਏਥੇ ਲੋਕਰਾਜ ਹੈ, ਕਾਹਦਾ ਹੈ ਦਸਤੂਰ।

ਕਿਰਤੀ ਦੀ ਕੋਈ ਬਾਤ ਨਾ ਪੁੱਛੇ, ਲੋਟੂ ਹੈ ਮਸ਼ਹੂਰ।

ਭਾਈ ਲਾਲੋ ਦਾ ਯੁੱਗ ਰਿਹਾ ਨਾ, ਭਾਗੋ ਹੈ ਮਗ਼ਰੂਰ।

ਮਈ ਦਿਵਸ ਤੇ ਸਭ, ਕਾਮੇ ਦੀ ਕਰਦੇ ਗੱਲ ਜ਼ਰੂਰ।

## ਮੁਰਗ਼ੇ ਰੰਗ ਬਰੰਗੇ

ਵਰਲਡ ਪੰਜਾਬੀ ਟਾਈਮਜ਼
ਸਾਧੂ ਸਿੰਘ ਝੱਜ

ਕਿਸਾਨ ਮਜ਼ਦੂਰ ਸੜਕਾਂ ਤੇ ਰੁਲਦੇ,
ਲੀਡਰਾਂ ਨੂੰ ਹਨ ਕੁਰਸੀਆਂ ਦਿੱਸ ਦੀਆਂ।
ਮੁਰਗ਼ੇ ਤਾਂ ਰੰਗ ਬਰੰਗੇ ਨੇ,
ਪਰ ਬਾਂਗਾਂ ਇੱਕੋ ਜਿਹੀਆਂ।

ਪੰਜ ਸਾਲ ਨੇ ਮੌਜਾਂ ਕਰਦੇ,
ਕਦੇ ਕਿਸੇ ਦਾ ਕੁਝ ਨਾ ਦੁੱਖਦਾ ਏ।
ਜਦੋਂ ਟਿਕਟ ਮਿਲਦੀ ਦਿਸਦੀ ਨਾ,
ਕਹਿੰਦੇ ਪਾਰਟੀ'ਚ ਸਾਹ ਘੁੱਟਦਾ ਏ।
ਸਾਮ ਨੂੰ ਹੱਥ ਵਿੱਚ ਪੰਜੇ ਵਾਲਾ ਝੰਡਾ,
ਸਵੇਰ ਨੂੰ ਆਵਣ ਮਹਿਕਾਂ ਫੁੱਲ ਦੀਆਂ।
ਮੁਰਗ਼ੇ ਤਾਂ ਰੰਗ ਬਰੰਗੇ ਨੇ,
ਪਰ ਬਾਂਗਾਂ ਇੱਕੋ ਜਿਹੀਆਂ।

ਲੋਕ ਹੁਣ ਜਾਗ ਪਏ ਨੇ,
ਪੁੱਛਦੇ ਨੇ ਸਵਾਲ ਵੱਡੇ ਕਲਾਕਾਰਾਂ ਨੂੰ।
ਭੱਜ ਕੇ ਗੱਡੀ ਵਿੱਚ ਜਾ ਵੜਦੇ,
ਜਦੋਂ ਆਉਂਦਾ ਨਹੀਂ ਜਵਾਬ ਗ਼ੱਦਾਰਾਂ ਨੂੰ।
ਵੋਟਾਂ ਤੋਂ ਬਾਅਦ ਇਨ੍ਹਾਂ ਲੱਭਣਾ ਨਹੀਂ,
ਕੀ ਗੱਲਾਂ ਰਹਿ ਗਈਆਂ ਕਹਿਣ ਦੀਆਂ।
ਮੁਰਗ਼ੇ ਤਾਂ ਰੰਗ ਬਰੰਗੇ ਨੇ,
ਪਰ ਬਾਂਗਾਂ ਇੱਕੋ ਜਿਹੀਆਂ।

ਪੰਜਾਬੀਆਂ ਲਈ ਬੰਦ ਕਰ ਦਿੱਤੇ ਬਾਡਰ,
ਦਿੱਲੀ ਵੱਲ ਜਾਣਾ ਹੋ ਗਿਆ ਔਖਾ ਏ।
ਧਿਆਨ ਨਾਲ ਪਾਇਓ ਵੋਟਾਂ ਓ ਲੋਕੋ,
ਫਿਰ ਨਾ ਕਹਿਣਾ ਹੋ ਗਿਆ ਧੋਖਾ ਏ।
ਫਿਰ ਪਛਤਾਇਆ ਕੁਝ ਨਹੀ ਬਣਨਾ,
ਦਿਲ ਦੀਆਂ ਦਿਲ ਵਿੱਚ ਰਹਿਣਗੀਆਂ।
ਮੁਰਗ਼ੇ ਤਾਂ ਰੰਗ ਬਰੰਗੇ ਨੇ,
ਪਰ ਬਾਂਗਾਂ ਇੱਕੋ ਜਿਹੀਆਂ।

ਸ਼ਰਮ ਹਯਾ ਦੀ ਗੱਲ ਨਾ ਕੋਈ,
ਇੱਕੋ ਤੱਕੜੀ ਦੇ ਨੇ ਚੱਟੇ ਵੱਟੇ।
ਜਿੱਧਰੋਂ ਵੀ ਟਿਕਟ ਦੀ ਆਸ ਹੈ ਹੁੰਦੀ,
ਓਧਰ ਨੂੰ ਹੀ ਸਾਰੇ ਜਾਂਦੇ ਨੱਠੇ।
ਕਈਆਂ ਨੂੰ ਕੌੜੀਆਂ ਲੱਗਣੀਆਂ ਨੇ,
ਜੋ "ਲੰਢੇ ਵਾਲੇ" ਨੇ ਹਨ ਸੱਚ ਕਹੀਆਂ।
ਮੁਰਗ਼ੇ ਤਾਂ ਰੰਗ ਬਰੰਗੇ ਨੇ,
ਪਰ ਬਾਂਗਾਂ ਇੱਕੋ ਜਿਹੀਆਂ।

## ,,,,,,,,ਬਰਫ਼ ਵਾਲਾ ਗੋਲਾ,,,,,,



ਵਰਲਡ ਪੰਜਾਬੀ ਟਾਈਮਜ਼
ਹਰਪ੍ਰੀਤ ਪੱਤੋ

ਲੱਕੜ ਦੀ ਫੱਟੀ ਉੱਤੇ ਭਾਈ ਨੇ ਤਿੱਖੀ
ਪੱਤੀ ਲਾਈ,
ਇੱਕ ਬਰਫ਼ ਦਾ ਟੁਕੜਾ ਲੈ ਕਿ ਉਸ
ਉੱਤੇ ਜਾਵੇ ਘਸਾਈ।
ਥੱਲੇ ਉਸ ਦੇ ਕਾਗਜ਼ ਰੱਖ ਕੇ ਢੇਰ
ਬਰਫ਼ ਦਾ ਲਾਇਆ,
ਲਾਲ ਹਰਾ ਤੇ ਪੀਲਾ ਪਾਣੀ ਬੋਤਲਾਂ
ਵਿੱਚੋਂ ਪਾਇਆ।
ਫੇਰ ਉਸ ਦਾ ਗੋਲਾ ਬਣਾਕੇ ਤੀਲੀ
ਇੱਕ ਸੀ ਲਾਈ।
ਜੋ ਵੀ ਉਸ ਨੂੰ ਪੈਸੇ ਦਿੰਦੇ ਉਹਨੂੰ
ਜਾਵੇ ਫੜਾਈ।
ਠੰਡਾ ਠਾਰ ਬਰਫ਼ ਦਾ ਗੋਲਾ ਭਾਈ
ਅਵਾਜ਼ਾਂ ਮਾਰੇ,
ਇਹ ਗਰਮੀਆਂ ਦਾ ਤੋਹਫ਼ਾ ਵਧੀਆ
ਖਾ ਕੇ ਲਉ ਨਜ਼ਾਰੇ।
ਅਸੀਂ ਵੀ ਰੋਜ਼ ਖਾਣ ਨੂੰ ਜਾਂਦੇ ਡੈਡੀ
ਨਾਲ ਲਜਾ ਕੇ,
ਪੱਤੋ, ਨੂੰ ਦਿਨ ਮਸਾਂ ਸੀ ਚੜਦਾ ਖਾਂਦਾ
ਸਕੂਲੋਂ ਆ ਕੇ।

## ਜਾਣਾ ਵਾਰੋ ਵਾਰੀ




ਕਿਉ ਕਰਦਾ ਬੰਦਿਆ ਮੇਰੀ ਮੇਰੀ ਇਹ
ਸਰੀਰ ਮਿੱਟੀ ਦੀ ਢੇਰੀ ਕਾਹਤੋ ਹਾਉਮੈ ਦੀ
ਪੰਡ ਸਿਰ ਤੇ ਚੁੱਕੀ ਭਾਰੀ ਆ ਖੇਡ ਸਮੇਂ ਦੀ
ਸਾਰੀ ਆ ਸਮਾ ਆਉਣ ਤੇ ਸਭ ਨੇ ਜਾਣਾ
ਵਾਰੋ ਵਾਰੀ ਆ

ਇਹ ਮੌਤ ਚੰਦਰੀ ਖੁਸ਼ੀਆ ਨੂੰ ਗਮਾ ਵਿੱਚ
ਘੋਲ ਦਿੰਦੀ ਆ ਕੀਤੀਆ ਮਿਹਨਤਾ ਮਿੱਟੀ
ਵਿੱਚ ਰੋਲ ਦਿੰਦੀ ਆ ਪੈ ਜਾਦੀ ਆਸਾ ਤੇ
ਭਾਰੀ ਆ ਖੇਡ ਸਮੇਂ ਦੀ ਸਾਰੀ ਆ ਸਮਾ
ਆਉਣ ਤੇ ਸਭ ਨੇ ਜਾਣਾ ਵਾਰੋ ਵਾਰੀ ਆ

ਜਿੱਥੇ ਰੱਖੇ ਰੱਬ ਉੱਥੇ ਰਹਿਣਾ ਪੈਦਾ ਏ ਹਰ ਦੁੱਖ ਹੱਸ ਕੇ ਸਹਿਣਾ ਪੈਦਾ ਏ ਰੱਬ
ਅੱਗੇ ਨਾ ਚੱਲਦੀ ਕੋਈ ਹੁਸਿਆਰੀ ਆ ਖੇਡ ਸਮੇਂ ਦੀ ਸਾਰੀ ਆ ਸਮਾ ਆਉਣ
ਤੇ ਸਭ ਨੇ ਜਾਣਾ ਵਾਰੋ ਵਾਰੀ ਆ

ਵਰਲਡ ਪੰਜਾਬੀ ਟਾਈਮਜ਼
ਬੇਅੰਤ ਕੌਰ ਮਾਨ

## ਐਕਸਪਾਇਰੀ ਡੇਟ

ਵਰਲਡ ਪੰਜਾਬੀ ਟਾਈਮਜ਼
ਦੀਪ ਸਿੰਘ

ਇਥੇ ਚਲਦੇ ਫਿਰਦੇ ਨਜ਼ਰ ਆਉਂਦੇ ਹਨ
ਗੋਰੇ ਕਾਲੇ
ਕਾਲੀਆਂ ਪੀਲੀਆਂ ਨੀਲੀਆਂ ਅੱਖਾਂ ਵਾਲੇ
ਖ਼ੁਦਾ ਦੇ ਬਣਾਏ ਪ੍ਰੋਡਕਟ ।
ਸਭ ਦੇ ਮੱਥੇ ਲਿਖੀ
ਉਹਨਾਂ ਦੀ ਐਕਸਪਾਇਰੀ ਡੇਟ।
ਸਭ ਕੋਲ ਮੌਕਾ ਹੈ
ਕਿ ਉਹ ਸਾਬਿਤ ਕਰਨ ਆਪਣੇ ਆਪ ਨੂੰ
ਦੁਨੀਆ ਦੇ ਇਸ ਬਜ਼ਾਰ ਵਿੱਚ
ਆਪਣਾ ਵਾਜਿਬ ਮੁੱਲ ਪਵਾਉਣ
ਹੋ ਕੇ ਪਰਫੈਕਟ ।
ਇਸ ਤੋਂ ਪਹਿਲਾਂ ਕਿ ਆ ਜਾਵੇ
ਉਹਨਾਂ ਦੀ ਐਕਸਪਾਇਰੀ ਡੇਟ।
ਖਾਂਦੇ ਹਨ , ਪੀਂਦੇ ਹਨ
ਨੱਚਦੇ ਹਨ , ਗਾਉਂਦੇ ਹਨ
ਕਰਦੇ ਹਨ ਪੂਰੀਆਂ ਜ਼ਿੰਮੇਵਾਰੀਆਂ
ਤੇ ਆਪਣੇ ਫ਼ਰਜ਼ ਨਿਭਾਉਂਦੇ ਹਨ
ਕਰਦੇ ਹਨ ਰੱਜਕੇ ਸ਼ੌਕ ਪੂਰੇ
ਜਦ ਤੱਕ ਲੱਗ ਨਹੀਂ ਜਾਂਦਾ
ਉਹਨਾਂ ਦੇ ਨਾਮ ਅੱਗੇ ਬਰੈਕਟ।
ਖ਼ੂਬ ਭੱਜਦੇ ਦੌੜਦੇ ਹਨ
ਖੁਦ ਵੀ ਤੇ ਉਨ੍ਹਾਂ ਦੇ ਦਿਮਾਗ ਵੀ
ਜਦ ਤੱਕ ਆ ਨਹੀਂ ਜਾਂਦੀ
ਉਹਨਾਂ ਦੀ ਐਕਸਪਾਇਰੀ ਡੇਟ।

## ਅਲਵਿਦਾ! ਬੇਬਾਕ ਪੱਤਰਕਾਰ ਸਰਬਜੀਤ ਸਿੰਘ ਪੰਧੇਰ

ਵਰਲਡ ਪੰਜਾਬੀ ਟਾਈਮਜ਼
ਉਜਾਗਰ ਸਿੰਘ




ਬੇਬਾਕ ਸੀਨੀਅਰ ਪੱਤਰਕਾਰ, ਸੰਪਾਦਕ ਅਤੇ ਫ਼੍ਰੀਲਾਂਸਰ ਫੋਟੋਗ੍ਰਾਫ਼ਰ ਸਰਬਜੀਤ ਸਿੰਘ ਪੰਧੇਰ ਦਾ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਜਾਣਾ ਪੱਤਰਕਾਰ ਭਾਈਚਾਰੇ ਲਈ ਕਦੀਂ ਨਾ ਪੂਰਾ ਹੋਣ ਵਾਲਾ ਘਾਟਾ ਪੈ ਗਿਆ ਹੈ। ਮੋਹ ਦੀਆਂ ਤੰਦਾਂ ਹਮੇਸ਼ਾ ਜੋੜ ਕੇ ਰੱਖਣ ਵਾਲਾ ਮੋਹਵੰਤਾ ਪੱਤਰਕਾਰ ਆਪਣੇ ਦੋਸਤਾਂ ਮਿੱਤਰਾਂ ਨਾਲੋਂ ਮੋਹ ਤੋੜ ਗਿਆ। ਪੱਤਰਕਾਰ ਦੋਸਤਾਂ ਦੀਆਂ ਮਹਿਫ਼ਲਾਂ ਦਾ ਸ਼ਿੰਗਾਰ, ਮਹਿਫ਼ਲਾਂ ਨੂੰ ਸੁੰਨੀਆਂ ਕਰ ਗਿਆ। ਸਰਬਜੀਤ ਪੰਧੇਰ ਬਹੁਤ ਹੀ ਪ੍ਰਤਿਭਾਵਾਨ, ਸੰਜੀਦਾ, ਸੰਵੇਦਨਸ਼ੀਲ ਤੇ ਇਮਾਨਦਾਰ ਪੱਤਰਕਾਰ ਸੀ। ਸੰਜੀਦਾ ਵਿਅਕਤੀ ਹੋਣ ਦੇ ਬਾਵਜੂਦ ਗੰਭੀਰ ਮੁੱਦਿਆਂ ਨੂੰ ਵੀ ਹਾਸੇ ਠੱਠੇ ਦੇ ਰੰਗਾਂ ਵਿੱਚ ਰੰਗ ਦਿੰਦਾ ਸੀ। ਭਾਵੇਂ ਉਹ ਕਿਤਨੇ ਹੀ ਮਾਨਸਿਕ ਤਣਾਓ ਵਿੱਚ ਰਿਹਾ ਪ੍ਰੰਤੂ ਦੋਸਤਾਂ ਮਿੱਤਰਾਂ ਨਾਲ ਕਦੇ ਵੀ ਆਪਣੀਆਂ ਉਲਝੀਆਂ ਤਾਣੀਆਂ ਨੂੰ ਸਾਂਝੀਆਂ ਨਹੀਂ ਕੀਤੀਆਂ। ਉਸ ਵਿੱਚ ਹਰ ਸਮੱਸਿਆ ਦਾ ਮੁਕਾਬਲਾ ਕਰਨ ਦੀ ਸਮਰੱਥਾ ਸੀ। ਉਹ ਮੋਹਵੰਤਾ ਇਨਸਾਨ ਸੀ, ਜਿਸ ਵੀ ਵਿਅਕਤੀ ਨੂੰ ਇੱਕ ਵਾਰ ਮਿਲ ਲਿਆ, ਉਹ ਉਸ ਨੂੰ ਆਪਣਾ ਬਣਾ ਲੈਂਦਾ ਸੀ। ਮਨੁੱਖੀ ਰਿਸ਼ਤਿਆਂ ਦਾ ਕਦਰਦਾਨ ਸੀ। ਉਹ ਰਿਸ਼ਤੇ ਨਿਭਾਉਣ ਦਾ ਵੀ ਪੱਕਾ ਸਮਰੱਥਕ ਸੀ। ਸਰਬਜੀਤ ਪੰਧੇਰ ਕਦੀਂ ਵੀ ਕਿਸੇ ਨੂੰ ਆਪਣੇ ਤੋਂ ਦੂਰ ਨਹੀਂ ਹੋਣ ਦਿੰਦਾ ਸੀ, ਬਸ਼ਰਤੇ ਕੇ ਕੋਈ ਖੁਦ ਹੀ ਉਸ ਨਾਲੋਂ ਨਾਤਾ ਤੋੜ ਲਵੇ। ਉਹ ਖੁਦਦਾਰ ਵਿਅਕਤੀ ਸੀ। ਉਸ ਨੇ ਪੱਤਰਕਾਰੀ ਨੂੰ ਕਿਸੇ ਨਿੱਜੀ ਹਿੱਤਾਂ ਲਈ ਨਹੀਂ ਵਰਤਿਆ। ਉਸ ਦਾ ਪਰਿਵਾਰ ਪੰਜਾਬ ਦੇ ਮਰਹੂਮ ਮੁੱਖ ਮੰਤਰੀ ਸ੍ਰ.ਬੇਅੰਤ ਸਿੰਘ ਦੇ ਨਜ਼ਦੀਕ ਸੀ ਕਿਉਂਕਿ ਉਸ ਦਾ ਪਿੰਡ ਲੁਧਿਆਣਾ ਜ਼ਿਲ੍ਹੇ ਵਿੱਚ ਸ੍ਰ.ਬੇਅੰਤ ਸਿੰਘ ਦੇ ਪਿੰਡ ਕੋਟਲੀ ਅਫ਼ਗਾਨਾਂ ਦੇ ਨਾਲ ਲੱਗਦਾ ਸ਼ਾਹਪੁਰ ਸੀ। ਉਸ ਦੇ ਪਿਤਾ ਸ੍ਰ.ਗੁਰਦੇਵ ਸਿੰਘ ਪੰਧੇਰ ਨਫ਼ੀਸ ਕਿਸਮ ਦੇ ਦਿਆਨਤਦਾਰ ਅਗਾਂਹਵਧੂ ਵਿਅਕਤੀ ਹਨ। ਗੁਰਦੇਵ ਸਿੰਘ ਪੰਧੇਰ ਇਕ ਵਾਰ ਪਾਇਲ ਵਿਧਾਨ ਸਭਾ ਹਲਕੇ ਤੋਂ ਚੋਣ ਵੀ ਲੜੇ ਸਨ। ਉਨ੍ਹਾਂ ਦਾ ਚੰਗਾ ਖਾਂਦਾ ਪੀਂਦਾ ਖ਼ਾਨਦਾਨੀ ਲੁਧਿਆਣਾ ਜ਼ਿਲ੍ਹੇ ਦਾ ਮੰਨਿਆਂ ਪ੍ਰਮੰਨਿਆਂ ਪਰਿਵਾਰ ਹੈ। ਉਹ ਅਕਸਰ ਜਦੋਂ ਬਤੌਰ ਪੱਤਰਕਾਰ ਸਰਦਾਰ ਬੇਅੰਤ ਸਿੰਘ ਨੂੰ ਮਿਲਦਾ ਹੁੰਦਾ ਸੀ ਤਾਂ ਹਮੇਸ਼ਾ ਤਾਇਆ ਜੀ ਕਹਿ ਕੇ ਬੁਲਾਂਦਾ ਹੁੰਦਾ ਸੀ। ਮੈਂ ਇਸ ਗੱਲ ਦਾ ਗਵਾਹ ਹਾਂ ਕਿ ਉਸ ਨੇ ਆਪਣੇ ਤਾਇਆ ਜੀ ਦੀ ਕੋਈ ਨਿੱਜੀ ਲਾਭ ਲੈਣ ਦੀ ਗੱਲ ਨੂੰ ਸਵੀਕਾਰ ਨਹੀਂ ਕੀਤਾ। ਪੱਤਰਕਾਰੀ ਕਰਦਿਆਂ ਉਸ ਨੇ ਕਿਸੇ ਵੀ ਸਿਆਸਤਦਾਨ ਤੋਂ ਕਦੀਂ ਵੀ ਕੋਈ ਰਿਆਇਤ ਨਹੀਂ ਲਈ। ਪ੍ਰੰਤੂ ਖ਼ਬਰ ਕਰਨ ਲੱਗਿਆਂ ਉਸ ਨੇ ਕਿਸੇ ਨੂੰ ਵੀ ਮੁਆਫ਼ ਨਹੀਂ ਕੀਤਾ। ਸਰਬਜੀਤ ਪੰਧੇਰ ਨੇ ਆਪਣਾ ਪੱਤਰਕਾਰੀ ਦਾ ਕੈਰੀਅਰ ' ਦਾ ਟਰਬਿਊਨ' ਅਖ਼ਬਾਰ ਵਿੱਚ ਗੁਰਦਾਸਪੁਰ ਤੋਂ ਬਤੌਰ ਸਟਰਿੰਗਰ ਦੇ ਸ਼ੁਰੂ ਕੀਤਾ ਸੀ। ਉਸ ਤੋਂ ਬਾਅਦ ਥੋੜ੍ਹਾ ਸਮਾਂ ਪੰਜਾਬ ਰਾਜ ਬਿਜਲੀ ਬੋਰਡ ਵਿੱਚ ਸੂਚਨਾ ਅਧਿਕਾਰੀ ਦੇ ਤੌਰ 'ਤੇ ਵੀ ਕੰਮ ਕੀਤਾ। ਇਸ ਸਮੇਂ ਦੌਰਾਨ ਉਸ ਦਾ ਸੰਪਰਕ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਹੋ ਗਿਆ। ਉਹ ਕੈਪਟਨ ਅਮਰਿੰਦਰ ਸਿੰਘ ਦੇ ਕਾਂਗਰਸ ਪਾਰਟੀ ਦੇ ਪ੍ਰਧਾਨ ਹੁੰਦਿਆਂ ਲੰਬਾਂ ਸਮਾਂ ਉਨ੍ਹਾਂ ਦੇ ਮੀਡੀਆ ਦਾ ਕੰਮ ਕਰਦਾ ਰਿਹਾ। ਕੈਪਟਨ ਅਮਰਿੰਦਰ ਸਿੰਘ ਦੇ ਨਜ਼ਦੀਕੀ ਤਿੰਨ ਬਹੁਤ ਹੀ ਸੀਨੀਅਰ ਪੱਤਰਕਾਰਾਂ ਵਿੱਚੋਂ ਉਹ ਇੱਕ ਸੀ। ਪ੍ਰੰਤੂ ਉਸ ਦੇ ਦੋਵੇਂ ਸਾਥੀ ਪੱਤਰਕਾਰ ਕੈਪਟਨ ਅਮਰਿੰਦਰ ਸਿੰਘ ਦੇ ਦੋ ਵਾਰੀ ਮੁੱਖ ਮੰਤਰੀ ਹੁੰਦਿਆਂ ਵੱਡੇ ਅਹੁਦਿਆਂ ਦਾ ਆਨੰਦ ਮਾਣਦੇ ਰਹੇ। ਪ੍ਰੰਤੂ ਸਰਬਜੀਤ ਪੰਧੇਰ ਨੇ ਕੋਈ ਅਹੁਦਾ ਤਾਂ ਕੀ ਲੈਣਾ ਸੀ ਪ੍ਰੰਤੂ ਕਦੀਂ ਵੀ ਮੁੱਖ ਮੰਤਰੀ ਨੂੰ ਮਿਲਣ ਦੀ ਕੋਸ਼ਿਸ਼ ਨਹੀਂ ਕੀਤੀ। ਉਹ ਪ੍ਰੈਸ ਕਲੱਬ ਚੰਡੀਗੜ੍ਹ ਦਾ ਦੋ ਵਾਰ 2002 ਤੋਂ 2004 ਅਤੇ 2008 ਤੋਂ 2010 ਤੱਕ ਪ੍ਰਧਾਨ ਰਿਹਾ ਹੈ। ਆਪਣੀ ਪ੍ਰਧਾਨਗੀ ਦੇ ਸਮੇਂ ਦੌਰਾਨ ਉਸ ਨੇ ਪ੍ਰੈਸ ਕਲੱਬ ਦੇ ਵੱਡੇ ਹਾਲ ਦੀ ਐਕਸਪੈਨਸਨ ਕਰਵਾਈ। 2024 ਵਿੱਚ ਪ੍ਰੈਸ ਕਲੱਬ ਚੰਡੀਗੜ੍ਹ ਦੀ ਚੋਣ ਸਮੇਂ ਗੰਭੀਰ ਬੀਮਾਰੀ ਦੀ ਹਾਲਤ ਵਿੱਚ ਵੀ ਉਹ ਆਪਣੀ ਵੋਟ ਪਾਉਣ ਲਈ ਵੀਲ ਚੇਅਰ ਤੇ ਆਇਆ ਸੀ।

ਪਿਛਲੇ ਅਕਤੂਬਰ 2023 ਤੋਂ ਉਹ ਕੈਂਸਰ ਵਰਗੀ ਨਾਮੁਰਾਦ ਬਿਮਾਰੀ ਦਾ ਮੁਕਾਬਲਾ ਕਰਦਾ ਆ ਰਿਹਾ ਸੀ। ਉਹ ਪੀ.ਜੀ.ਆਈ ਵਿੱਚ ਦਾਖ਼ਲ ਵੀ ਰਿਹਾ ਤੇ ਹੁਣ ਵੀ ਉਸ ਦਾ ਪੀ.ਜੀ.ਆਈ.ਤੋਂ ਇਲਾਜ ਚਲ ਰਿਹਾ ਸੀ। ਉਹ ਦੋਸਤਾਂ ਦਾ ਦੋਸਤ ਸੀ ਤੇ ਉਸ ਨੂੰ ਦੋਸਤੀ ਵੀ ਨਿਭਾਉਣੀ ਆਉਂਦੀ ਸੀ। ਇੱਕ ਘਟਨਾ ਦਾ ਜ਼ਿਕਰ ਕਰਾਂਗਾ। ਇੱਕ ਵਾਰ ਉਹ ਪਟਿਆਲਾ ਤੋਂ ਵਾਇਆ ਸਰਹੰਦ ਚੰਡੀਗੜ੍ਹ ਆਪਣੇ ਇੱਕ ਦੋਸਤ ਨਾਲ ਦੋਸਤ ਦੀ ਕਾਰ ਵਿੱਚ ਚੰਡੀਗੜ੍ਹ ਨੂੰ ਜਾ ਰਿਹਾ ਸੀ। ਉਸ ਦੇ ਦੋਸਤ ਦਾ ਲੜਕਾ ਕਾਰ ਚਲਾ ਰਿਹਾ ਸੀ, ਰਸਤੇ ਵਿੱਚ ਕਾਰ ਦਾ ਐਕਸੀਡੈਂਟ ਹੋ ਗਿਆ। ਇਸ ਐਕਸੀਡੈਂਟ ਵਿੱਚ ਇੱਕ ਵਿਅਕਤੀ ਜੋ ਪੁਲਿਸ ਵਿੱਚ ਨੌਕਰੀ ਕਰਦਾ ਸੀ ਮਾਰਿਆ ਗਿਆ। ਪੁਲਿਸ ਕੇਸ ਦਰਜ ਹੋ ਗਿਆ। ਦੋਸਤ ਦੇ ਲੜਕੇ ਦਾ ਕੈਰੀਅਰ ਦਾਅ 'ਤੇ ਲੱਗ ਗਿਆ। ਸਰਬਜੀਤ ਪੰਧੇਰ ਦੀ ਫ਼ਿਰਾਕਦਿਲੀ ਵੇਖੋ, ਉਸ ਨੇ ਪੜਤਾਲੀਆ ਅਧਿਕਾਰੀ ਕੋਲ ਬਿਆਨ ਵਿੱਚ ਦਿੱਤਾ ਕਿ ਕਾਰ ਦੋਸਤ ਦਾ ਲੜਕਾ ਨਹੀਂ ਸਗੋਂ ਉਹ ਆਪ ਚਲਾ ਰਿਹਾ ਸੀ। ਸਾਰੀ ਜ਼ਿੰਮੇਵਾਰੀ ਆਪਣੇ ਸਿਰ 'ਤੇ ਲੈ ਲਈ।

ਸਰਬਜੀਤ ਸਿੰਘ ਪੰਧੇਰ ਨੇ ਪ੍ਰੈਸ ਟਰੱਸਟ ਆਫ਼ ਇੰਡੀਆ ਦੇ ਸਟਾਫ ਰਿਪੋਰਟਰ ਦੇ ਤੌਰ 'ਤੇ 1991 ਤੋਂ 1996 ਤੱਕ ਕੰਮ ਕੀਤਾ। ਉਹ ਪ੍ਰੈਸ ਟਰੱਸਟ ਆਫ਼ ਇੰਡੀਆ ਦੀ ਯੂਨੀਅਨ ਦਾ ਪ੍ਰਧਾਨ ਵੀ ਰਿਹਾ ਸੀ। ਜਨਵਰੀ 1997 ਵਿੱਚ ਸਰਬਜੀਤ ਪੰਧੇਰ ਨੇ ਭਾਰਤ ਦੇ ਚੋਟੀ ਦੇ ਪ੍ਰਮੁੱਖ ਅਖ਼ਬਾਰ ' ਦਾ ਹਿੰਦੂ' ਵਿੱਚ ਵਿਸ਼ੇਸ਼ ਪੱਤਰਕਾਰ ਦੇ ਤੌਰ 'ਤੇ ਨੌਕਰੀ ਸ਼ੁਰੂ ਕੀਤੀ ਅਤੇ 18 ਸਾਲ ਕੰਮ ਕਰਕੇ ਬਤੌਰ ਸਹਾਇਕ ਸੰਪਾਦਕ ਅਪ੍ਰੈਲ 2015 ਅਗਾਊਂ ਸੇਵਾ ਮੁਕਤੀ ਲੈ ਲਈ। ਉਹ ਆਪਣੀ ਪੱਤਰਕਾਰੀ ਵੀ ਅਣਖ਼ ਨਾਲ ਕਰਦਾ ਸੀ, ਜਦੋਂ ਹਿੰਦੂ ਅਖ਼ਬਾਰ ਨੇ ਸਰਬਜੀਤ ਪੰਧੇਰ ਦੀਆਂ ਖ਼ਬਰਾਂ ਨੂੰ ਅਣਡਿਠ ਕਰਨਾ ਸ਼ੁਰੂ ਕਰ ਦਿੱਤਾ ਤਾਂ ਉਸ ਨੇ ਅਸਤੀਫ਼ਾ ਦੇ ਦਿੱਤਾ ਸੀ। ਇਸ ਤੋਂ ਬਾਅਦ ਮਈ 2015 ਵਿੱਚ ਉਸ ਨੇ ਸੰਡੇ ਗਾਰਡੀਅਨ ਅਖ਼ਬਾਰ ਵਿੱਚ ਐਸੋਸੀਏਟ ਐਡੀਟਰ ਦੇ ਤੌਰ 'ਤੇ ਕੰਮ ਕਰਨਾ ਸ਼ੁਰੂ ਕੀਤਾ ਤੇ ਸਤੰਬਰ 2015 ਤੱਕ ਇਸ ਅਹੁਦੇ 'ਤੇ ਰਹੇ। ਫਿਰ 2016 ਵਿੱਚ ਚੰਡੀਗੜ੍ਹ ਤੋਂ ਪ੍ਰਕਾਸ਼ਤ ਹੋਣ ਵਾਲੇ ਇੱਕ ਅੰਗਰੇਜ਼ੀ ਦੇ ਰੋਜ਼ਾਨਾ ਅਖ਼ਬਾਰ 'ਡੇਅਲੀ ਪੋਸਟ' ਵਿੱਚ ਉਹ ਸੰਪਾਦਕ ਲੱਗ ਗਏ, ਉਥੇ ਵੀ ਜਦੋਂ ਅਖ਼ਬਾਰ ਦੇ ਮਾਲਕਾਂ ਨੇ ਅਖ਼ਬਾਰ ਵਿੱਚ ਦਖ਼ਲਅੰਦਾਜ਼ੀ ਕਰਨੀ ਸ਼ੁਰੂ ਕਰ ਦਿੱਤੀ ਤਾਂ ਸਰਬਜੀਤ ਪੰਧੇਰ ਨੇ ਤੁਰੰਤ ਅਸਤੀਫ਼ਾ ਦੇ ਦਿੱਤਾ। ਉਹ ਆਪਣੀ ਅਣਖ ਨੂੰ ਆਂਚ ਨਹੀਂ ਆਉਣ ਦਿੰਦਾ ਸੀ। ਆਪਣੀਆਂ ਸ਼ਰਤਾਂ 'ਤੇ ਨੌਕਰੀ ਕਰਦਾ ਸੀ। ਉਹ ਅਸੂਲਾਂ ਦਾ ਪੱਕਾ ਖ਼ੁਦਦਾਰ ਪੱਤਰਕਾਰ ਸੀ। ਉਹ ਪੱਤਰਕਾਰੀ ਆਪਣੇ ਦਮ 'ਤੇ ਧੜੱਲੇਦਾਰੀ, ਦਿਆਨਤਦਾਰੀ ਅਤੇ ਜ਼ੁਅਰਤ ਨਾਲ ਅਸੂਲਾਂ ਅਨੁਸਾਰ ਕਰਦਾ ਰਿਹਾ। ਲਾਲਚ ਉਸ ਤੋਂ ਕੋਹਾਂ ਦੂਰ ਸੀ, ਉਹ ਪੱਤਰਕਾਰੀ ਦੇ ਫ਼ਰਜ਼ਾਂ ਅਤੇ ਅਧਿਕਾਰਾਂ ਬਾਰੇ ਚੇਤੰਨ ਸੀ। ਉਹ ਫ਼ੋਟੋਗ੍ਰਾਫ਼ੀ ਵੀ ਕਮਾਲ ਦੀ ਕਰਦਾ ਸੀ। 2007 ਵਿੱਚ ਉਸ ਨੇ 'ਪਿਕਸਲ ਪੈਲਟ' ਨਾਂ ਦਾ ਗਰੁਪ ਬਣਾਇਆ, ਜਿਹੜਾ ਫੋਟੋਗ੍ਰਾਫ਼ੀ ਨੂੰ ਪ੍ਰਮੋਟ ਕਰਨ ਦਾ ਕੰਮ ਕਰਦਾ ਸੀ। ਉਸ ਨੇ ਅਗਸਤ 2015 ਵਿੱਚ ਆਪਣੀ ਫੋਟੋਗ੍ਰਾਫ਼ੀ ਦੀ ਨੁਮਾਇਸ਼ ਕਲਾ ਭਵਨ ਵਿੱਚ 'ਕੈਮਰਾ ਕਰੌਨੀਕਲਜ਼' ਦੇ ਨਾਮ 'ਤੇ ਲਗਾਈ ਸੀ, ਜਿਹੜੀ ਉਸ ਦੀ ਪਰਪੱਕ ਕਲਾਸਿਕ ਫੋਟੋਗ੍ਰਾਫਰ ਹੋਣ ਦੀ ਤਸਦੀਕ ਕਰਦੀ ਹੈ। ਅਖ਼ਬਾਰਾਂ ਵਿੱਚੋਂ ਨੌਕਰੀ ਛੱਡਣ ਤੋਂ ਬਾਅਦ ਉਸ ਨੇ ਫ਼ੋਟੋਗ੍ਰਾਫੀ ਦੀਆਂ ਕਈ ਨੁਮਾਇਸ਼ਾਂ ਦੇਸ਼ ਵਿਦੇਸ਼ ਵਿੱਚ ਲਗਾਈਆਂ ਸਨ।

ਸਰਬਜੀਤ ਸਿੰਘ ਪੰਧੇਰ ਦਾ ਜਨਮ 31 ਅਗਸਤ 1964 ਨੂੰ ਪਿਤਾ ਗੁਰਦੇਵ ਸਿੰਘ ਪੰਧੇਰ ਦੇ ਘਰ ਮਾਤਾ ਮਹਿੰਦਰ ਕੌਰ ਦੀ ਕੁੱਖੋਂ ਹੋਇਆ। ਪੰਧੇਰ ਪਰਿਵਾਰ ਅਤੇ ਸਕੇ ਸੰਬੰਧੀਆਂ ਵਿੱਚ ਉਹ ਸਰਬਜੀਤ ਰਾਣਾ ਦੇ ਨਾਮ ਨਾਲ ਜਾਣੇ ਜਾਂਦੇ ਸਨ। ਉਸ ਨੇ ਆਪਣੀ ਮੁੱਢਲੀ ਪੜ੍ਹਾਈ ਲੁਧਿਆਣਾ ਤੋਂ ਹੀ ਕੀਤੀ। ਉਹ 1969- 1980 ਤੱਕ ਸੇਕਰਡ ਹਰਟ ਸਕੂਲ ਲੁਧਿਆਣਾ ਵਿੱਚ ਦਸਵੀਂ ਤੱਕ ਪੜ੍ਹਦੇ ਰਹੇ। ਉਸ ਨੇ ਬੀ.ਏ. 1980-85 ਤੱਕ ਆਰੀਆ ਕਾਲਜ ਲੁਧਿਆਣਾ ਅਤੇ ਐਮ.ਏ.ਅੰਗਰੇਜ਼ੀ 1985-86 ਪਾਸ ਕੀਤੀਆਂ। ਮਾਸਟਰ ਡਿਗਰੀ ਕਮਿਊਨੀਕੇਸ਼ਨ ਜਰਨਿਲਿਜ਼ਮ ਐਂਡ ਰੀਲੇਟਡ ਪ੍ਰੋਗਰਾਮ 1986-89 ਤੱਕ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ ਕੀਤੀ ਸੀ। ਉਹ ਆਪਣੇ ਪਿੱਛੇ 90 ਸਾਲਾ ਪਿਤਾ ਗੁਰਦੇਵ ਸਿੰਘ ਪੰਧੇਰ, ਭਰਾ ਕਰਮਜੀਤ ਸਿੰਘ ਪੰਧੇਰ (ਬੱਬੀ), ਪਤਨੀ ਡਾ.ਨੀਨਾ ਚੌਧਰੀ, ਦੋ ਪੁੱਤਰੀਆਂ ਗੁਰਸਿਮਰਤ ਕੌਰ ਅਤੇ ਸੁਪਰਵਾ ਪੰਧੇਰ ਛੱਡ ਗਏ ਹਨ।

## ਰੱਬਾ ਇਹ ਕੀ ?




ਵਰਲਡ ਪੰਜਾਬੀ ਟਾਈਮਜ਼
ਬਲਤੇਜ ਸੰਧੂ

ਕਹਿੰਦੇ ਆਪਣੀ ਮਰਜ਼ੀ ਨਾਲ ਕੁੜੀ ਨੇ ਕੁੜੀ ਨਾਲ ਵਿਆਹ
ਕਰਵਾਇਆਂ ਏ

ਅਪਰੇਸ਼ਨ ਜਿਹਾ ਕਰਵਾ ਕੇ ਬਈ ਮੁੰਡੇ ਨੇ ਕੁੜੀ ਦਾ ਭੇਸ

ਵਟਾਇਆ ਏ

ਰੱਬਾ ਇਹ ਕੀ ਭਾਣਾ ਵਰਤ ਰਿਹਾ

ਬੱਸ ਦੁਨੀਆਂ ਦਾ ਬੇੜਾ ਗਰਕਣ ਤੇ ਆਇਆ ਏ,,,

ਕੋਈ ਮੂਤ ਗਾਵਾਂ ਦੇ ਪੀ ਰਿਹਾ ਕੋਈ ਨਰਕਾਂ ਦੀ ਜ਼ਿੰਦਗੀ ਜੀਅ

ਰਿਹਾ

ਕੁੱਝ ਅਣਖ਼ ਦੀ ਖਾਤਿਰ ਜਾਂਨਾਂ ਵਾਰ ਗਏ ਜਿਉਂ ਜ਼ਿੰਦਗੀ ਦੇ

ਦਿਨ ਚਾਰ ਗਏ

ਕਈ ਵਿਦੇਸ਼ ਨੂੰ ਜਾਣ ਲਈ ਤਰਲੋ ਮੱਛੀ ਹੁੰਦੇ ਨੇ ਮਾਮੇ ਜਾ

ਭੂਆ ਦੇ ਪੁੱਤ ਨਾਲ ਧੀ ਤੋਰ ਕੇ ਬਈ ਕਈਆ ਨੇ ਡੀ ਜੇ ਤੇ ਭੰਗੜਾ ਪਾਇਆ ਏ ।

ਰੱਬਾ ਇਹ ਕੀ ਭਾਣਾ ਵਰਤ ਰਿਹਾ

ਬੱਸ ਦੁਨੀਆਂ ਦਾ ਬੇੜਾ ਗਰਕਣ ਤੇ ਆਇਆ ਏ,,,

ਕਿਤੇ ਤਾਂ ਕੁੱਤੇ ਬਿੱਲੀਆਂ ਨੂੰ ਸੋਫਿਆਂ ਤੇ ਬਿਠਾ ਕਾਜੂ ਬਿਸਕੁੱਟ ਮਿਲਦੇ ਨੇ

ਤੇ ਭੁੱਖੇ ਇਨਸਾਨ ਨੂੰ ਮਿਲਦਾ ਰੁੱਖਾਂ ਮਿੱਸਾ ਇੱਕ ਟਾਈਮ ਦਾ ਅੰਨ ਨਹੀਂ

ਸਾਰੇ ਪਿੰਡ ਦੇ ਵਿਆਹ ਦੇਖ ਆਇਆ ਕੋਈ ਆਪਣੀ ਵੀ ਚੜਿਆ ਜੰਞ ਨਹੀਂ

ਫਿਰ ਗੁਆਂਢ ਚ ਰਹਿੰਦੀ ਮਾਵਾਂ ਵਰਗੀ ਭਰਜਾਈ ਨਾਲ ਪੇਚ ਫਸਾਇਆ ਏ।

ਰੱਬਾ ਇਹ ਕੀ ਭਾਣਾ ਵਰਤ ਰਿਹਾ

ਬੱਸ ਦੁਨੀਆਂ ਦਾ ਬੇੜਾ ਗਰਕਣ ਤੇ ਆਇਆ ਏ ,,,

ਹੁਣ ਨਹੀਂ ਰਹਿ ਹੁੰਦਾ ਉਹ ਦੇ ਬਿਨ ਘਰ ਦਿਆਂ ਨੂੰ ਸ਼ਰੇਆਮ ਹੀ ਦੱਸ ਗਿਆ

ਮੁੱਛ ਫੁੱਟ ਦੀ ਤੇ ਚੜ੍ਹੀ ਜਵਾਨੀ ਚ ਕੋਈ ਸਕੀ ਚਾਚੀ ਨੂੰ ਲੈ ਨੱਸ ਗਿਆ

ਘਰ ਵਿੱਚ ਭੜਥੂ ਪੈਦਾ ਏ ਹੱਥਾਂ ਵਿੱਚ ਪਾਲ਼ੇ ਨੇ ਕਹਿੰਦੇ ਇਹ ਕੀ ਕਹਿਰ ਕਮਾਇਆ ਏ।

ਰੱਬਾ ਇਹ ਕੀ ਭਾਣਾ ਵਰਤ ਰਿਹਾ

ਬੱਸ ਦੁਨੀਆਂ ਦਾ ਬੇੜਾ ਗਰਕਣ ਤੇ ਆਇਆ ਏ,,,,

ਜ਼ਮੀਨ ਦੇ ਛੋਟੇ ਜਿਹੇ ਟੁਕੜੇ ਖਾਤਿਰ ਭਾਈ, ਭਾਈ ਨੂੰ ਮਾਰੀ ਜਾਂਦਾ ਏ

ਇੱਕੋ ਮਾਂ ਦਾ ਦੁੱਧ ਪੀ ਕੇ ਬਈ ਮਾਂ ਦੀ ਮਮਤਾ ਤੇ ਕਹਿਰ ਗੁਜ਼ਾਰੀ ਜਾਂਦਾ ਏ

ਮੈਂ ਖ਼ਬਰ ਪੜ੍ਹੀ ਤੇ ਬੜਾ ਹੈਰਾਨ ਹੋਇਆ ਸੰਧੂਆਂ ਉਏ

ਪੈਸੇ ਦੇ ਕੇ ਕਹਿੰਦੇ ਪੁੱਤ ਨੇ ਹੀ ਪਿਉ ਮਰਵਾਇਆ ਏ।

ਰੱਬਾ ਇਹ ਕੀ ਭਾਣਾ ਵਰਤ ਰਿਹਾ

ਬੱਸ ਦੁਨੀਆਂ ਦਾ ਬੇੜਾ ਗਰਕਣ ਤੇ ਆਇਆ ਏ,,,,